# ਪਟਵਾਰੀਆਂ ਦੀ ਭਰਤੀ ਸਬੰਧੀ : ਸਿਫਾਰਿਸ਼ੀ ਪੱਤਰ ਵੰਡ ਸਮਾਗਮ ਨੋਟਿਸ

ਨੰ: ਲ-2/1090/ 10956 ਮਿਤੀ 2.7.22

ਮਾਲ ਪਟਵਾਰੀਆਂ ਦੀਆਂ ਆਸਾਮੀਆਂ ਦੀ ਕਾਉਸਲਿੰਗ ਦੌਰਾਨ 855 ਉਮੀਦਵਾਰਾਂ ਨੂੰ ਜ਼ਿਲੇ ਦੀ ਵੰਡ/ਅਲਾਟਮੈਂਟ ਕੀਤੀ ਗਈ ਹੈ। ਇਹ ਸਿਫਾਰਿਸ਼ੀ ਪੱਤਰ ਉਮੀਦਵਾਰਾਂ ਨੂੰ ਜਾਰੀ ਕਰਨ ਸਬੰਧੀ ਪੰਜਾਬ ਸਰਕਾਰ ਵਲੋਂ ਮਿਤੀ 06-07-2022 ਨੂੰ ਜ਼ਿਲਾ ਅਲਾਟਮੈਂਟ ਪੱਤਰ ਵੰਡ ਸਮਾਰੋਹ ਪੰਜਾਬ ਮਿਉਸੀਪਲ ਭਵਨ, ਆਡੀਟੋਰੀਅਮ, ਸੈਕਟਰ-35 ਏ, (ਕਿਸਾਨ ਭਵਨ ਦੇ ਨਾਲ) ਚੰਡੀਗੜ੍ਹ ਵਿਖੇ ਰੱਖਿਆ ਗਿਆ ਹੈ। ਇਸ ਸਮਾਗਮ ਵਿਚ ਮਾਣਯੋਗ ਮੁੱਖ ਮੰਤਰੀ ਜੀ ਸ਼ਾਮਿਲ ਹੋਣਗੇ ਅਤੇ ਨਵ-ਨਿਯੁਕਤ ਪਟਵਾਰੀਆਂ ਨੂੰ ਸੰਬੋਧਨ ਵੀ ਕਰਨਗੇ।

2. ਕਾਉਸਲਿੰਗ ਦੌਰਾਨ ਜਿਨ੍ਹਾਂ ਉਮੀਦਵਾਰਾਂ ਨੂੰ ਹੇਠ ਲਿਖੇ ਜ਼ਿਲੇ ਅਲਾਟ ਕੀਤੇ ਗਏ ਹਨ, ਉਹ ਮਿਤੀ 06-07-2022 ਨੂੰ 10:00 ਵਜੇ, ਚੰਡੀਗੜ੍ਹ ਵਿਖੇ ਇਸ ਸਮਾਗਮ ਵਿਚ ਸ਼ਾਮਿਲ ਹੋਣ। ਇਨ੍ਹਾਂ ਉਮੀਦਵਾਰਾਂ ਨੂੰ ਮਾਣਯੋਗ ਮੁੱਖ ਮੰਤਰੀ ਜੀ ਵਲੋਂ ਇਹ ਸਿਫਾਰਿਸ਼ੀ ਪੱਤਰ ਵੰਡੇ ਜਾਣੇ ਹਨ।

| ਲੜੀ ਨੰਬਰ | ਅਲਾਟ ਕੀਤੇ ਗਏ ਜ਼ਿਲੇ ਦਾ ਨਾਮ |
|---|---|
| 1 | ਸੰਗਰੂਰ |
| 2 | ਮੋਹਾਲੀ |
| 3 | ਰੂਪਨਗਰ |
| 4 | ਫਤਿਹਗੜ੍ਹ ਸਾਹਿਬ |
| 5 | ਪਟਿਆਲਾ |
| 6 | ਮਾਨਸਾ |
| 7 | ਐਸ.ਬੀ.ਐਸ.ਨਗਰ |
| 8 | ਲੁਧਿਆਣਾ |

3. ਉਕਤ ਜਿਲ੍ਹਿਆਂ ਤੋਂ ਇਲਾਵਾ ਕਾਉਸਲਿੰਗ ਦੌਰਾਨ ਬਾਕੀ ਜਿਲ੍ਹਿਆਂ ਵਿਚ ਚੁਣੇ ਗਏ ਉਮੀਦਵਾਰ ਸਬੰਧਤ ਜ਼ਿਲੇ ਦੇ ਕੁਲੈਕਟਰ-ਡਿਪਟੀ ਕਮਿਸ਼ਨਰ ਦਫਤਰ ਵਿਖੇ ਮਿਤੀ 11-07-2022 ਨੂੰ ਰਿਪੋਰਟ ਕਰਨ ਅਤੇ ਆਪਣੇ ਸਿਫਾਰਿਸ਼ੀ ਪੱਤਰ ਪ੍ਰਾਪਤ ਕਰਨ ।

4. ਕਿਸੇ ਵੀ ਤਰ੍ਹਾਂ ਦੀ ਹੋਰ ਜਾਣਕਾਰੀ ਲਈ ਮੋਬਾਇਲ ਨੰਬਰ 98554-24683, 81463-88455 ਅਤੇ 70095-39579 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਨੋਟ:- 1) ਉਕਤ 8 ਜਿਲ੍ਹਿਆਂ ਦੇ ਸਬੰਧਤ ਉਮੀਦਵਾਰ ਸਮਾਗਮ ਸਬੰਧੀ ਵਿਸਥਾਰਪੂਰਵਕ ਹਦਾਇਤਾਂ ਵਿਭਾਗ ਦੀ ਵੈਬ-ਸਾਈਟ www.plrs.org.in ਅਤੇ www.revenue.punjab.gov.in ਤੇ ਵਾਚ ਲੈਣ।

ਡਾਇਰੈਕਟਰ ਭੌਂ ਰਿਕਾਰਡ, ਪੰਜਾਬ।